# ਦਸਮੇਸ਼ ਹਸਪਤਾਲ ਤਲਵੰਡੀ ਰੋਡ ਫਰੀਦਕੋਟ ਵਿੱਚ ਕੈਮਿਸਟ ਦੀ ਦੁਕਾਨ ਦੀ ਅਲਾਟਮੈਂਟ ਲਈ ਇਕਰਾਰਨਾਮਾ 2015-16

ਪਟੇ ਦੀ ਇਸ ਲਿਖਤ ਅਨੁਸਾਰ ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ ਲਾਇਸੰਸਦਾਤਾ ਵੱਲੋ ਸ੍ਰੀਮਤੀ ਪੂਨਮ ਪਤਨੀ ਸੰਜੀਵ ਜੂਨੇਜਾ ਵਾਸੀ ਰੁਆਇਲ ਸਿਟੀ ਫਰੀਦਕੋਟ ਲਾਇਸੰਸੀ ਨੂੰ ਮਿਤੀ 01.04.2015 ਤੋ 31.03.2016 ਤੱਕ ਕੈਮਿਸਟ ਸ਼ੋਪ ਦਾ ਠੇਕਾ ਦਿੱਤਾ ਜਾਦਾ ਹੈ।

ਜਦੋ ਕਿ ਲਾਇਸੰਸੀ ਕਾਰੋਬਾਰ ਲਈ ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ ਦੇ ਅਹਾਤੇ ਵਿੱਚ ਦਵਾਈਆਂ ਦੀ ਦੁਕਾਨ ਚਲਾਉਣਾ ਚਾਹੁੰਦਾ ਹੈ।

ਅਤੇ

ਜਦਕਿ ਲਾਇਸੰਸੀ ਨੇ ਲਾਇਸੰਸਦਾਤਾ ਨੂੰ ਇਸ ਸੰਸਥਾ ਦੇ ਅਹਾਤੇ ਵਿੱਚ ਉੱਕਤ ਕਾਰੋਬਾਰ ਲਈ ਇੱਕ ਕਮਰਾ ਪ੍ਰਦਾਨ ਕਰਨ ਦੀ ਬੇਨਤੀ ਕੀਤੀ ਹੈ ਅਤੇ ਲਾਇਸੰਸਦਾਤਾ ਨੇ ਇਹ ਬੇਨਤੀ ਪ੍ਰਵਾਨ ਕਰਕੇ ਲਾਇਸੰਸੀ ਨੂੰ ਉਕਤ ਕਾਰੋਬਾਰ ਲਈ ਇਸ ਸੰਸਥਾ ਦੇ ਅਹਾਤੇ ਵਿੱਚ ਪਹਿਲੇ ਹੀ ਚੱਲ ਰਹੀ ਦਵਾਈਆਂ ਦੀ ਦੁਕਾਨ ਵਾਲਾ ਕਮਰਾ 01.04.2015 ਤੋ 31.03.2016 ਤੱਕ ਦੇਣਾ ਮੰਨ ਲਿਆ ਹੈ।

ਅਤੇ

ਲਾਇਸੰਸਦਾਤਾ ਲਾਇਸੰਸੀ ਨੂੰ ਇਸ ਸੰਸਥਾ ਦੇ ਅਹਾਤੇ ਵਿੱਚ ਉੱਕਤ ਕਾਰੋਬਾਰ ਲਈ ਲੋੜੀਦਾ ਕਮਰਾ ਦੇਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਸਹਿਮਤ ਹੈ ਅਤੇ ਇਹ ਲਿਖਤ ਹੇਠ ਲਿਖੇ ਅਨੁਸਾਰ ਸ਼ਾਖੀ ਭਰਦੀ ਹੈ:

1 ਲਾਇਸੰਸਦਾਤਾ ਲਾਇਸੰਸੀ ਨੂੰ ਪਟਾ ਮਨਜੂਰ ਕਰਦਾ ਹੈ ਅਤੇ ਲਾਇਸੰਸੀ ਨੂੰ ਪਹਿਲਾਂ ਚੱਲ ਰਹੀ ਦਵਾਈਆਂ ਦੀ ਦੁਕਾਨ ਵਾਲੀ ਥਾਂ ਵਿੱਚ ਕਮਿਸਟ ਦੀ ਦੁਕਾਨ ਚਲਾਉਣ ਦੀ ਆਗਿਆ ਦਿੰਦਾ ਹੈ।

2 ਲਾਇਸੰਸੀ ਲਾਇਸੰਸਦਾਤਾ ਨੂੰ ਇਸ ਦੁਕਾਨ ਦੇ ਕਿਰਾਏ ਵਜੋ ਮਿਤੀ 01.04.2015 ਤੋ 31.03.2016 ਤੱਕ ਦਾ ਕਿਰਾਇਆ 79200/- ਰੁਪਏ ਅਦਾ ਕਰੇਗਾ ਅਤੇ ਇਸ ਕਿਰਾਏ ਦਾ ਚੌਥਾ ਹਿੱਸਾ 19800/- ਰੁਪਏ ਤੁਰੰਤ ਜਮ੍ਹਾਂ ਕਰਵਾਏਗਾ ਅਤੇ ਬਾਕੀ ਦੇ 59400/- ਰੁਪਏ 11 ਮਾਸਕ ਕਿਸ਼ਤਾਂ ਵਿੱਚ 5400/- ਰੁਪਏ ਪ੍ਰਤੀ ਕਿਸ਼ਤ ਦੀ ਦਰ ਨਾਲ ਹਰ ਮਹੀਨੇ ਦੀ 10 ਤਰੀਕ ਤੱਕ ਜਮ੍ਹਾਂ ਕਰਵਾਏਗਾ। 10 ਤਰੀਕ ਤੋ ਬਾਅਦ ਮਹੀਨੇ ਦੀ ਆਖਰੀ ਤਰੀਕ ਤੱਕ ਫੀਸ ਨਾ ਭਰਨ ਤੇ 10% ਪ੍ਰਤੀ ਮਹੀਨਾ ਵਿਆਜ ਅਦਾ ਕਰਨਾ ਪਵੇਗਾ। ਇੱਕ ਮਹੀਨੇ ਤੱਕ ਅਦਾਇਗੀ ਨਾ ਕਰਨ ਤੇ ਲਸੰਸਦਾਤਾ ਨੂੰ ਲਸੰਸੀ ਤੋ ਦੁਕਾਨ ਖਾਲੀ ਕਰਾਉਣ ਦਾ ਅਤੇ ਹੋਰ ਵਿਅਕਤੀ ਨੂੰ ਦੁਕਾਨ ਦੇਣ ਦਾ ਅਧਿਕਾਰ ਹੋਵੇਗਾ।

3 ਸਮੇ ਸਿਰ ਕਿਸ਼ਤ ਜਮ੍ਹਾਂ ਨਾ ਕਰਾਉਣ ਤੇ ਬਿਨਾਂ ਕਿਸੇ ਨੋਟਿਸ ਦਿੱਤੇ ਉਸਦਾ ਠੇਕਾ ਮਨਸੂਖ ਕਰ ਦਿੱਤਾ ਜਾਵੇਗਾ।

4 ਲਾਇਸੰਸੀ ਬਿਜਲੀ ਅਤੇ ਪਾਣੀ ਦਾ ਖਰਚਾ ਉਸ ਵੱਲੋ ਕੀਤੀ ਗਈ ਖਪਤ ਅਨੁਸਾਰ ਆਪ ਅਦਾ ਕਰੇਗਾ।

5 ਦਵਾਈਆਂ ਦੀ ਦੁਕਾਨ ਉਸੇ ਦੁਕਾਨ ਵਿੱਚ ਹੋਵੇਗੀ ਜਿਸ ਵਿੱਚ ਇਹ ਇਸ ਸਮੇ ਚੱਲ ਰਹੀ ਹੈ।

6 ਲਾਇਸੰਸੀ ਇਸ ਥਾਂ ਵਿੱਚ ਕੋਈ ਅਦਲਾਬਦਲੀ, ਵਾਧਾ ਜਾਂ ਹੋਰ ਕੋਈ ਵੀ ਬਦਲਾਵ ਨਹੀ ਕਰੇਗਾ ਅਤੇ ਨਾਂ ਹੀ ਅੱਗੇ ਕਿਸੇ ਹੋਰ ਵਿਅਕਤੀ ਨੂੰ ਕਿਰਾਏ ਆਦਿ ਤੇ ਦੇਵੇਗਾ।

7 ਲਾਇਸੰਸੀ ਪਾਸ ਦਵਾਈਆਂ ਦੀ ਦੁਕਾਨ ਚਲਾਉਣ ਦਾ ਸਮਰੱਥ ਅਧਿਕਾਰੀ ਦਾ ਸਰਟੀਫੀਕੇਟ ਹੋਣਾ ਜਰੂਰੀ ਹੈ।

8 ਦਵਾਈਆਂ ਦੀ ਦੁਕਾਨ ਲਾਇਸੰਸੀ ਨੂੰ 24 ਘੰਟੇ ਖੁੱਲੀ ਰੱਖਣੀ ਪਵੇਗੀ।

9 ਲਾਇਸੰਸੀ ਪ੍ਰਮਾਨਿਤ ਦਵਾਈਆਂ ਹੀ ਸਮਰੱਥ ਡਾਕਟਰ ਵਲੋ ਜਾਰੀ ਕੀਤੀ ਗਈ ਸਲਿੱਪ ਅਨੁਸਾਰ ਵੇਚੇਗਾ ਅਤੇ ਖਰੀਦਦਾਰ ਨੂੰ ਕੰਪਿਊਟਰਾਈਜਡ ਬਿੱਲ ਜਾਰੀ ਕਰੇਗਾ। ਕੋਈ ਵੀ ਨਸ਼ੀਲੀ ਦਵਾਈ ਜਾਂ ਨਸ਼ੀਲਾ ਪਦਾਰਥ ਨਹੀ ਵੇਚੇਗਾ।

10 ਲਾਇਸੰਸੀ ਲਾਇਸੰਸਦਾਤਾ ਨੂੰ 15000/- ਰੁਪਏ ਸਕਿਊਰਟੀ ਜਮ੍ਹਾਂ ਕਰਵਾਏਗਾ ਜੋ ਠੇਕੇ ਦੀ ਮਿਆਦ ਪੂਰੀ ਹੋਣ ਉਪਰੰਤ ਬਿਨਾਂ ਕਿਸੇ ਵਿਆਜ ਦੇ ਉਸ ਨੂੰ ਵਾਪਸ ਕੀਤੀ ਜਾਵੇਗੀ। ਇਕਰਾਰਨਾਮੇ ਦੀ ਕਿਸੇ ਸ਼ਰਤ ਦੀ ਉਲੰਘਣਾ ਕਰਨ ਤੇ ਸਕਿਊਰਟੀ ਦੀ ਰਕਮ ਲਾਇਸੰਸਦਾਤਾ ਜ਼ਬਤ ਕਰਨ ਦਾ ਹੱਕਦਾਰ ਹੋਵੇਗਾ।

For Juneja Medichem

Prop.

ਠੇਕੇ ਦੀ ਇੱਕ ਸਾਲ ਦੀ ਮਿਆਦ ਪੂਰੀ ਹੋਣ ਤੇ ਲਾਇਸੰਸੀ ਇਸ ਥਾਂ ਨੂੰ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਕਬਜ਼ਾ ਲਾਇਸੰਸਦਾਤਾ ਨੂੰ ਦੇ ਦੇਵੇਗਾ। ਬੇਦਖਲੀ ਲਈ ਹੋਰ ਕਿਸੇ ਨੋਟਿਸ ਦੀ ਲੋੜ ਨਹੀ ਹੋਵੇਗੀ।

12 ਲਾਇਸੰਸੀ ਜੋ ਵੀ ਕਰਿੰਦਾ ਰੱਖੇਗਾ ਉਹ ਕਰਿੰਦਾ ਅਤੇ ਲਾਇਸੰਸੀ ਆਪ ਅਨੁਸ਼ਾਸ਼ਨ ਵਿੱਚ ਰਹੇਗਾ ਅਤੇ ਹਸਪਤਾਲ ਜਾਂ ਕਾਲਜ ਵਿੱਚ ਕਿਸੇ ਕਿਸਮ ਦੀ ਕੋਈ ਅਜਿਹੀ ਹਰਕਤ ਨਹੀ ਕਰੇਗਾ ਜਿਸ ਨਾਲ ਮਾਹੌਲ ਖਰਾਬ ਹੋਵੇ। ਲਾਇਸੰਸੀ ਪਾਸ ਕੋਈ ਵਾਧੂ ਆਦਮੀ ਬਿਨਾਂ ਜਰੂਰੀ ਕੰਮ ਤੋ ਦੁਕਾਨ ਵਿੱਚ ਨਹੀ ਆਵੇਗਾ ਜਾਂ ਬੈਠੇਗਾ।

ਦੋਹਾਂ ਧਿਰਾਂ ਨੇ ਹੇਠ ਲਿਖੇ ਗਵਾਹਾਂ ਦੇ ਸਾਹਮਣੇ ਅਤੇ ਹੇਠ ਦਰਜ ਮਿਤੀ ਨੂੰ ਆਪਣੇ ਦਸਖਤ ਕੀਤੇ।

ਮਿਤੀ

Sudarshan Kumar

1 ਗਵਾਹ

DET Retd
B-1 Royal city

2 ਗਵਾਹ

ਲਾਇਸੰਸਦਾਤਾ

ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼ ਫਰੀਦਕੋਟ।

For Juneja Medichem

ਲਾਇਸੰਸੀ Prop.